*

## ਪੰਜਾਬ ਵਿਧਾਨ ਸਭਾ ਸਕੱਤਰੇਤ

**ਸੋਮਵਾਰ, ਮਿਤੀ 27 ਜੂਨ, 2022 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।**

**ਲੰਬਿਤ ਪਏ "ਸ਼ਗਨ ਸਕੀਮ" ਕੇਸਾਂ ਦੇ ਵੇਰਵੇ**

*172. **ਸਰਦਾਰ ਸੁਖਵਿੰਦਰ ਸਿੰਘ ਕੋਟਲੀ, ਐਮ.ਐਲ.ਏ.**:- ਕੀ ਸਮਾਜਿਕ, ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿੱਚ ਜ਼ਿਲ੍ਹਾ-ਵਾਰ ਹੁਣ ਤੱਕ ਅਦਾਇਗੀ ਲਈ ਲੰਬਿਤ ਪਏ "ਸ਼ਗਨ ਸਕੀਮ" ਦੇ ਕੇਸਾਂ ਦੀ ਕੁੱਲ ਗਿਣਤੀ ਕਿੰਨੀ ਹੈ;

ਅ) ਉਪਰੋਕਤ ਲੰਬਿਤ ਪਏ ਕੇਸਾਂ ਦੀ ਕੁੱਲ ਕਿੰਨੀ ਰਾਸ਼ੀ ਬਣਦੀ ਹੈ ਅਤੇ ਉਕਤ ਅਦਾਇਗੀਆਂ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਪਟਿਆਲਾ ਸਰਹਿੰਦ ਰੋਡ ਨੂੰ ਚਹੁੰ-ਮਾਰਗੀ ਕਰਨਾ**

*35. 1. **ਸਰਦਾਰ ਚੇਤਨ ਸਿੰਘ ਜੋੜਾਮਾਜਰਾ, ਐਮ.ਐਲ.ਏ.**)
2. **ਸਰਦਾਰ ਅਜੀਤ ਪਾਲ ਸਿੰਘ ਕੋਹਲੀ, ਐਮ.ਐਲ.ਏ**):- ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪਟਿਆਲਾ-ਸਰਹਿੰਦ ਰੋਡ ਨੂੰ ਚਹੁੰ-ਮਾਰਗੀ ਕਰਨ ਬਾਰੇ ਪਿਛਲੀ ਸਰਕਾਰ ਵੱਲੋਂ ਪਰਪੋਜ਼ਲ ਤਿਆਰ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਚਹੁੰ- ਮਾਰਗੀ ਕਰਨ ਦੀ ਪ੍ਰਕਿਰਿਆ ਕਦੋਂ ਤੱਕ ਅਰੰਭ ਕਰ ਦਿੱਤੀ ਜਾਵੇਗੀ;

ਅ) ਕੀ ਇਹ ਵੀ ਠੀਕ ਹੈ ਕਿ ਪਟਿਆਲਾ ਤੋਂ ਸ਼੍ਰੀ ਚਮਕੌਰ ਸਾਹਿਬ ਵਾਇਆ ਸਰਹਿੰਦ ਸੜਕ ਨੂੰ ਚਹੁੰ ਮਾਰਗੀ ਕਰਨ ਸਬੰਧੀ ਸਰਕਾਰ ਵੱਲੋਂ ਕੋਈ ਤਜਵੀਜ਼ ਪ੍ਰਵਾਨ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਚਹੁੰ ਮਾਰਗੀ ਕਰਨ ਲਈ ਪ੍ਰਕਿਰਿਆ ਇਸ ਸਮੇਂ ਕਿਸ ਸਟੇਜ ਤੇ ਪੈਂਡਿੰਗ ਹੈ ਅਤੇ ਇਸ ਦਾ ਕਾਰਜ ਕਦੋਂ ਤੋਂ ਸ਼ੁਰੂ ਕਰ ਦਿੱਤਾ ਜਾਵੇਗਾ?

**ਸੁਲਤਾਨਪੁਰ ਲੋਧੀ ਦੇ ਪੀ.ਡੀ.ਐਸ. ਅਧੀਨ ਆਉਂਦੇ ਲਾਭਪਾਤਰੀਆਂ ਨੂੰ ਕਣਕ ਦੀ ਸਪਲਾਈ ਦੇਣਾ**

*126. **ਰਾਣਾ ਇੰਦਰ ਪ੍ਰਤਾਪ ਸਿੰਘ, ਐਮ.ਐਲ.ਏ.**:- ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੁਲਤਾਨਪੁਰ ਲੋਧੀ ਵਿਧਾਨ ਸਭਾ ਹਲਕੇ ਵਿੱਚ ਆਟਾ-ਦਾਲ ਸਕੀਮ/ਜਨਤਕ ਵੰਡ ਪ੍ਰਣਾਲੀ (ਪੀ.ਡੀ.ਐਸ.) ਅਧੀਨ ਲਾਭਪਾਤਰੀਆਂ ਨੂੰ 2 ਰੁਪਏ ਪ੍ਰਤੀ ਕਿਲੋ ਦੀ ਦਰ ਤੇ ਸਪਲਾਈ ਕੀਤੀ ਜਾਣ ਵਾਲੀ ਕਣਕ ਦੀ ਰਾਸ਼ੀ ਉਨ੍ਹਾਂ ਦੁਆਰਾ ਜਮ੍ਹਾਂ ਕਰਵਾ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਉਪਰੋਕਤ ਕਣਕ ਲਾਭਪਾਤਰੀਆਂ ਨੂੰ ਕਦੋਂ ਤੱਕ ਸਪਲਾਈ ਕਰ ਦਿੱਤੀ ਜਾਵੇਗੀ?

**ਬਟਾਲਾ ਵਿਖੇ ਸਰਕਾਰੀ ਡਿਗਰੀ ਕਾਲਜ ਖੋਲ੍ਹਣਾ**

*285. **ਸ਼੍ਰੀ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਐਮ.ਐਲ.ਏ.**:- ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਬਟਾਲਾ ਵਿਖੇ ਸਰਕਾਰੀ ਡਿਗਰੀ ਕਾਲਜ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਹਲਕਾ ਦਸੂਹਾ ਦੇ ਵੈਟਰਨਰੀ ਹਸਪਤਾਲਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ**

*43. **ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.**:- ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਵਿਧਾਨ ਸਭਾ ਹਲਕਾ ਦਸੂਹਾ ਦੇ ਵੈਟਰਨਰੀ ਹਸਪਤਾਲਾਂ ਵਿੱਚ ਵੈਟਰਨਰੀ ਡਾਕਟਰਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਕਿੰਨੀਆਂ ਹਨ;

ਅ) ਮੌਜੂਦਾ ਸਮੇਂ ਵਿੱਚ ਕੰਮ ਕਰ ਰਹੇ ਇਨ੍ਹਾਂ ਵੈਟਰਨਰੀ ਡਾਕਟਰਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ?

**ਹਲਕਾ ਖਡੂਰ ਸਾਹਿਬ ਅਧੀਨ ਆਉਂਦੇ ਪਿੰਡਾਂ ਵਿੱਚ ਸਰਕਾਰੀ ਬੱਸ ਸੇਵਾ ਮੁਹੱਈਆ ਕਰਨਾ**

*230. **ਸਰਦਾਰ ਮਨਜਿੰਦਰ ਸਿੰਘ ਲਾਲਪੁਰਾ, ਐਮ.ਐਲ.ਏ.**:- ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਖਡੂਰ ਸਾਹਿਬ ਦੇ ਅਧੀਨ ਆਉਂਦੇ ਪਿੰਡਾਂ ਵਿੱਚ ਕਿੰਨੇ ਰੂਟਾਂ ਤੇ ਸਰਕਾਰੀ ਬੱਸ ਸੇਵਾ ਉਪਲੱਬਧ ਹੈ ਅਤੇ ਇਹਨਾਂ ਰੂਟਾਂ ਤੇ ਕਿੰਨੀਆਂ ਬੱਸਾਂ ਚਲਦੀਆਂ ਹਨ ਅਤੇ ਜਿਹੜੇ ਰੂਟ ਤੇ ਬੱਸ ਸੇਵਾ ਬੰਦ ਹੈ ਉਨ੍ਹਾਂ ਤੇ ਕਦੋਂ ਤੱਕ ਇਹ ਮੁੜ ਸੇਵਾ ਸ਼ੁਰੂ ਕਰ ਦਿੱਤੀ ਜਾਵੇਗੀ?

**ਗੜ੍ਹਸ਼ੰਕਰ ਵਿਖੇ ਕੰਡੀ ਕੈਨਾਲ ਨਹਿਰ ਚਾਲੂ ਕਰਨਾ**

*289. **ਸਰਦਾਰ ਜੈ ਕ੍ਰਿਸ਼ਨ ਸਿੰਘ ਰੌੜੀ, ਐਮ.ਐਲ.ਏ.**:- ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਗੜ੍ਹਸ਼ੰਕਰ ਵਿਖੇ ਕੰਢੀ ਕੈਨਾਲ ਨਹਿਰ ਬਣ ਚੁੱਕੀ ਹੈ, ਪ੍ਰੰਤੂ ਮੌਜੂਦਾ ਸਮੇਂ ਤੱਕ ਇਸ ਨੂੰ ਸ਼ੁਰੂ ਨਹੀਂ ਕੀਤਾ ਗਿਆ; ਜੇਕਰ ਅਜਿਹਾ ਹੈ ਤਾਂ ਇਸ ਨੂੰ ਕਦੋਂ ਤੱਕ ਸ਼ੁਰੂ ਕਰ ਦਿੱਤਾ ਜਾਵੇਗਾ?

**ਪਿੰਡ ਘੜਾਮ ਨੂੰ ਇਤਿਹਾਸਕ ਨਗਰੀ ਵੱਜੋਂ ਵਿਕਸਤ ਕਰਨਾ**

*219. **ਸਰਦਾਰ ਹਰਮੀਤ ਸਿੰਘ ਪਠਾਣਮਾਜਰਾ, ਐਮ.ਐਲ.ਏ.**:- ਕੀ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਹਲਕਾ ਸਨੌਰ ਦੇ ਪਿੰਡ ਘੜਾਮ ਵਿੱਚ ਸ਼੍ਰੀ ਰਾਮ ਚੰਦਰ ਜੀ ਦੇ ਨਾਨਕੇ ਦੇ ਸਬੰਧ ਵਿੱਚ ਪ੍ਰਾਚੀਨ ਮੰਦਰ, ਪੀਰ ਭੀਖਮ ਸ਼ਾਹ ਜੀ ਦੀ ਦਰਗਾਹ ਅਤੇ ਨੌਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨ ਛੋਹ ਪ੍ਰਾਪਤ ਗੁਰਦੁਆਰਾ ਸ਼੍ਰੀ ਬੋਲੀ ਸਾਹਿਬ ਹੋਣ ਕਰਕੇ ਇਸ ਪਿੰਡ ਨੂੰ ਇਤਿਹਾਸਕ ਨਗਰੀ ਵਜੋਂ ਵਿਕਸਤ ਕਰਨ ਉੱਤੇ ਵਿਚਾਰ ਕਰੇਗੀ; ਜੇਕਰ ਕਰੇਗੀ ਤਾਂ ਇਸ ਸਬੰਧੀ ਲੋੜੀਂਦੀ ਕਾਰਵਾਈ ਕਦੋਂ ਤੱਕ ਸ਼ੁਰੂ ਕਰ ਦਿੱਤੀ ਜਾਵੇਗੀ?

**ਰਾਜ ਦੇ ਸਾਰੇ ਵਿਧਾਇਕਾਂ ਨੂੰ ਅਖਤਿਆਰੀ ਗ੍ਰਾਂਟ ਦੇਣਾ**

*1. **ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਲੋਕ ਸਭਾ ਮੈਂਬਰਾਂ ਨੂੰ ਦਿੱਤੀ ਜਾਂਦੀ ਅਖਤਿਆਰੀ ਗ੍ਰਾਂਟ ਦੀ ਤਰਜ਼ ਤੇ ਰਾਜ ਦੇ ਸਾਰੇ ਵਿਧਾਇਕਾਂ ਨੂੰ ਵੀ ਅਖਤਿਆਰੀ ਗ੍ਰਾਂਟ ਦੇਣ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਵਿਅਕਤੀ ਦੀ ਮੌਤ ਹੋਣ ਉਪਰੰਤ ਖੇਤੀਬਾੜੀ ਟਿਊਬਵੈੱਲ ਕੁਨੈਕਸ਼ਨ ਉਸਦੇ ਵਾਰਿਸ ਦੇ ਨਾਮ ਤਬਦੀਲ ਕਰਨਾ**

*66. **ਬੀਬਾ ਨਰਿੰਦਰ ਕੌਰ ਭਰਾਜ, ਐਮ.ਐਲ.ਏ.**:- ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਪੰਜਾਬ ਸਰਕਾਰ ਦੀ ਕੋਈ ਅਜਿਹੀ ਨੀਤੀ ਹੈ ਜਿਸ ਤਹਿਤ ਕਿਸੇ ਵਿਅਕਤੀ ਦੀ ਮੌਤ ਉਪਰੰਤ ਖੇਤੀਬਾੜੀ ਟਿਊਬਵੈੱਲ ਕੁਨੈਕਸ਼ਨ ਉਸਦੇ ਵਾਰਿਸ ਦੇ ਨਾਮ ਤਬਦੀਲ ਕੀਤਾ ਜਾਂਦਾ ਹੈ;

ਅ) ਸਾਲ 2017 ਤੋਂ ਲੈ ਕੇ ਹੁਣ ਤੱਕ ਕਿੰਨੇ ਲੋਕਾਂ ਨੇ ਅਪਲਾਈ ਕੀਤਾ, ਕਿੰਨੇ ਤਬਦੀਲ ਕੀਤੇ ਗਏ ਅਤੇ ਕਿੰਨੇ ਬਾਕੀ ਹਨ;

ੲ) ਸਰਕਾਰ ਵੱਲੋਂ 2017 ਤੋਂ ਲੈ ਕੇ ਹੁਣ ਤੱਕ ਟਿਊਬਵੈੱਲ ਕੁਨੈਕਸ਼ਨ ਫੀਸ ਦੇ ਰੂਪ ਵਿੱਚ ਕਿੰਨਾ ਮਾਲੀਆ ਇੱਕਤਰ ਕੀਤਾ ਗਿਆ?

ਪਰਤੋਂ ਜੀ....

**ਮੱਲਾਂ ਵਾਲਾ ਖੇਡ ਸਟੇਡੀਅਮ ਬਣਾਉਣ ਲਈ ਗ੍ਰਾਂਟ ਜਾਰੀ ਕਰਨਾ**

*301. **ਸ਼੍ਰੀ ਨਰੇਸ਼ ਕਟਾਰੀਆ, ਐਮ.ਐਲ.ਏ.**:- ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮੱਲਾਂ ਵਾਲਾ, ਤਹਿ: ਜ਼ੀਰਾ ਵਿਖੇ ਖੇਡ ਸਟੇਡੀਅਮ ਬਣਾਉਣ ਲਈ ਗ੍ਰਾਂਟ ਕਦੋਂ ਤੱਕ ਜਾਰੀ ਕਰ ਦਿੱਤੀ ਜਾਵੇਗੀ?

**ਹਲਕਾ ਪਾਇਲ ਦੇ ਪਿੰਡ ਕੋਟਲਾ ਅਫਗਾਨਾ ਦੀ ਸ਼ਾਮਲਾਟ ਜਮੀਨ ਤੇ ਗ੍ਰਾਮ ਪੰਚਾਇਤ ਦਾ ਕਬਜਾ**

*273. **ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪਾਇਲ ਹਲਕਾ, ਜ਼ਿਲ੍ਹਾ ਲੁਧਿਆਣਾ ਦੇ ਪਿੰਡ ਕੋਟਲਾ ਅਫਗਾਨਾ (ਕੋਟਲੀ) ਦੀ ਸ਼ਾਮਲਾਟ ਜਮੀਨ ਦਾ ਕੁੱਲ ਰਕਬਾ ਕਿੰਨਾ ਹੈ;

ਅ) ਇਸ ਜਮੀਨ ਉੱਤੇ ਗ੍ਰਾਮ ਪੰਚਾਇਤ ਦਾ ਕਬਜਾ ਕਿੰਨੇ ਸਮੇਂ ਲਈ ਰਿਹਾ ਅਤੇ ਇਹ ਜਮੀਨ ਗ੍ਰਾਮ ਪੰਚਾਇਤ ਵੱਲੋਂ ਕਿੰਨੇ ਸਮੇਂ ਲਈ ਨੀਲਾਮ ਕੀਤੀ ਗਈ ਸੀ?

**ਕਮਰਸ਼ੀਅਲ ਵਾਹਨਾਂ ਸਬੰਧੀ ਕੰਮ ਜ਼ਿਲ੍ਹਾ ਪੱਧਰ ਤੇ ਸ਼ੁਰੂ ਕਰਵਾਉਣਾ**

*262. **ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.**:- ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰਕਾਰ ਕਮਰਸ਼ੀਅਲ ਵਾਹਨਾਂ ਸਬੰਧੀ ਪਾਸਿੰਗ, ਰਜਿਸਟ੍ਰੇਸ਼ਨ ਅਤੇ ਹੋਰ ਕੰਮ ਜ਼ਿਲ੍ਹਾ ਪੱਧਰ ਤੇ ਸ਼ੁਰੂ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ;

ਅ) ਕੀ ਇਹ ਠੀਕ ਹੈ ਕਿ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਹਾਸਿਲ ਕਰਨ ਲਈ ਉਮੀਦਵਾਰਾਂ ਨੂੰ ਦੂਰ-ਦੁਰਾਡੇ ਟ੍ਰੇਨਿੰਗ ਕਰਕੇ ਸਰਟੀਫਿਕੇਟ ਹਾਸਿਲ ਕਰਨ ਲਈ ਸਟੇਟ ਇੰਸਟੀਚਿਊਟ ਆਫ ਆਟੋਮੇਟਿਕ ਐਂਡ ਡਰਾਈਵਿੰਗ ਸਕਿਲਜ਼, ਪਿੰਡ ਮਹੂਆਣਾ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਜਾਣਾ ਪੈਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਟ੍ਰੇਨਿੰਗ ਅਤੇ ਸਰਟੀਫਿਕੇਟ ਦਾ ਪ੍ਰਬੰਧ ਵਿਭਾਗ ਵੱਲੋਂ ਅਲੱਗ-ਅਲੱਗ ਜ਼ਿਲ੍ਹਿਆਂ ਦੇ ਨਜ਼ਦੀਕ ਕੀਤਾ ਜਾ ਸਕਦਾ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਪਿੰਡ ਮੰਡੋਲੀ ਵਿੱਚ ਪ੍ਰਗਤੀ ਅਧੀਨ ਵਾਟਰ ਟਰੀਟਮੈਂਟ ਪਲਾਂਟ ਨੂੰ ਕਸਬਾ ਘਨੌਰ ਨਾਲ ਜੋੜਨਾ**

*311. **ਸ਼੍ਰੀ ਗੁਰਲਾਲ ਸਿੰਘ, ਐਮ.ਐਲ.ਏ.**:- ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਘਨੌਰ ਦੇ ਪਿੰਡ ਮੰਡੋਲੀ ਵਿੱਚ ਪ੍ਰਗਤੀ ਅਧੀਨ ਵਾਟਰ ਟਰੀਟਮੈਂਟ ਪਲਾਂਟ ਨੂੰ ਕਸਬਾ ਘਨੌਰ ਨਾਲ ਜੋੜਨ ਦੀ ਕੋਈ ਤਜਵੀਜ਼ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਕਸਬਾ ਘਨੌਰ ਨਾਲ ਜੋੜ ਦਿੱਤਾ ਜਾਵੇਗਾ?

**ਮਨੋਰੰਜਨ ਜਗਤ ਲਈ ਨੀਤੀ ਬਣਾਉਣਾ**

*274. **ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਮ.ਐਲ.ਏ.**:- ਕੀ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰਕਾਰ ਕੋਲ ਮਨੋਰੰਜਨ ਜਗਤ ਲਈ ਕੋਈ ਪਾਲਸੀ/ਨੀਤੀ ਹੈ; ਜੇਕਰ ਹਾਂ ਤਾਂ ਇਸਦੇ ਵੇਰਵੇ ਦਿੱਤੇ ਜਾਣ;

ਅ) ਕੀ ਸਰਕਾਰ ਰਾਜ ਵਿੱਚ ਫਿਲਮ ਸਟੂਡੀਓ ਸਥਾਪਿਤ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਵੇਰਵੇ ਦਿੱਤੇ ਜਾਣ:

ੲ) ਕੀ ਸਰਕਾਰ ਕੇਂਦਰੀ ਸੈਂਸਰ ਬੋਰਡ ਦੀ ਤਰਜ ਤੇ ਰਾਜ ਵਿਚ ਕੋਈ ਅਥਾਰਟੀ ਸਥਾਪਿਤ ਕਰਨ ਦਾ ਵਿਚਾਰ ਰੱਖਦੀ ਹੈ?

**ਦੀਨਾਨਗਰ ਵਿਖੇ ਸੀਵਰੇਜ ਅਤੇ ਸੀਵਰੇਜ਼ ਟ੍ਰੀਟਮੈਂਟ ਪਲਾਂਟ ਦੇ ਪ੍ਰੋਜੈਕਟ ਦੀ ਮੌਜੂਦਾ ਸਥਿਤੀ**

*89. **ਸ਼੍ਰੀਮਤੀ ਅਰੁਣਾ ਚੌਧਰੀ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਦੀਨਾਨਗਰ ਵਿਖੇ ਸੀਵਰੇਜ ਅਤੇ ਸੀਵਰੇਜ ਟ੍ਰੀਟਮੈਂਟ ਪਲਾਂਟ ਲਈ ਪ੍ਰੋਜੈਕਟ ਦੀ ਅਨੁਮਾਨਤ ਲਾਗਤ ਕੀ ਹੈ ਅਤੇ ਇਸ ਦੀ ਮੌਜੂਦਾ ਸਥਿਤੀ ਕੀ ਹੈ;

ਅ) ਉਪਰੋਕਤ ਪ੍ਰੋਜੈਕਟ ਦੇ ਕਦੋਂ ਤੱਕ ਪੂਰਾ ਹੋਣ ਦੀ ਸੰਭਾਵਨਾ ਹੈ?

**ਅਮਲਾਲਾ ਤੋਂ ਸਤਾਬਗੜ੍ਹ ਭੁੱਡਾ ਵਿੱਚ ਪੈਂਦੇ ਪਿੰਡਾਂ ਨੂੰ ਸੜਕ ਨਾਲ ਕੁਨੈਕਟੀਵਿਟੀ ਦੇਣ ਲਈ ਪਾਲਿਸੀ ਬਣਾਉਣਾ**

*195. **ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.**:- ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅੰਬਾਲਾ ਤੋਂ ਮੋਹਾਲੀ ਤੱਕ ਬਣ ਰਹੇ ਗਰੀਨ ਫੀਲਡ ਐਕਸਪ੍ਰੈਸ ਵੇਅ ਦੇ ਬਣਨ ਕਾਰਨ ਅਮਲਾਲਾ ਤੋਂ ਸਤਾਬਗੜ੍ਹ ਭੁੱਡਾ ਵਿੱਚ ਪੈਂਦੇ ਪਿੰਡਾਂ ਨੂੰ ਇਸ ਸੜਕ ਨਾਲ ਕੁਨੈਕਟੀਵਿਟੀ ਦੇਣ ਲਈ ਕੋਈ ਪਾਲਿਸੀ ਬਣਾਈ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਵੇਰਵੇ ਦਿੱਤੇ ਜਾਣ?

**ਹਲਕਾ ਉੜਮੁੜ-ਟਾਂਡਾ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਦੀਆਂ ਖਾਲੀ ਅਸਾਮੀਆਂ ਭਰਨਾ**

*238. **ਸਰਦਾਰ ਜਸਬੀਰ ਸਿੰਘ ਰਾਜਾ ਗਿੱਲ, ਐਮ.ਐਲ.ਏ.**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਉੜਮੁੜ-ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਵੱਖ-ਵੱਖ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਖਾਲੀ ਪਈਆਂ ਅਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

**ਪੰਜਾਬ ਅੰਦਰ ਖੁੱਲੇਆਮ ਹੱਡਾ ਰੋੜੀਆਂ ਬੰਦ ਕਰਨਾ**

*87. **ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਅੰਦਰ ਖੁੱਲੇਆਮ ਹੱਡਾ ਰੋੜੀਆਂ ਬੰਦ ਕਰਨ ਦੀ ਕੋਈ ਯੋਜਨਾ ਹੈ; ਜੇਕਰ ਹਾਂ ਤਾਂ ਉਸਦੇ ਵੇਰਵੇ ਕੀ ਹਨ?

**ਬੁਢਲਾਡਾ ਦੇ ਕਿਸਾਨਾਂ ਨੂੰ ਸਿੰਚਾਈ ਲਈ ਪੱਕੇ ਖਾਲ ਬਣਾ ਕੇ ਦੇਣਾ**

*21. **ਸ਼੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਨੇ ਹਲਕਾ ਬੁਢਲਾਡਾ ਦੇ ਕਿਸਾਨਾਂ ਨੂੰ ਸਿੰਚਾਈ ਲਈ ਖਾਲ ਬਣਾਉਣ ਦੀ ਕੋਈ ਗ੍ਰਾਂਟ ਜਾਰੀ ਨਹੀਂ ਕੀਤੀ ਜਦੋਂ ਕਿ ਕਿਸਾਨਾਂ ਨੇ ਆਪਣੇ ਹਿੱਸੇ ਦੀ 10% ਰਕਮ 2016 ਦੀ ਭਰ ਦਿੱਤੀ ਸੀ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਹਨਾਂ ਕਿਸਾਨਾਂ ਦੇ ਖੇਤਾਂ ਵਿੱਚ ਪੱਕੇ ਖਾਲ ਬਣਾਉਣ ਲਈ (ਘੱਗਰ ਬਰਾਂਚ) ਕਦੋਂ ਤੱਕ ਲੋੜੀਂਦੀ ਪ੍ਰਕਿਰਿਆ ਸ਼ੁਰੂ ਕਰ ਦੇਵੇਗੀ?

ਚੰਡੀਗੜ੍ਹ
ਮਿਤੀ 23 ਜੂਨ, 2022

Superintendent
Punjab Vidhan Sabha
Chandigarh

ਸੁਰਿੰਦਰ ਪਾਲ,
ਸਕੱਤਰ,
ਪੰਜਾਬ ਵਿਧਾਨ ਸਭਾ।